# ਬੇਨਤੀ

ਗੁਰਬਾਣੀ ਇੱਕੋ ਇੱਕ ਅਬਿਨਾਸੀ ਹਸਤੀ ਨਾਮ ਰੂਪ ਅਕਾਲ ਪੁਰਖ ਤੇ ਪੂਰੇ ਸਤਿਗੁਰੂ ਦੀ ਉਸਤਤਿ ਤੇ ਦੇ ਜਪੁ –ਸਿਮਰਨ– ਆਰਾਧਨਾਂ ਦਾ  ਉਪਦੇਸ਼ ਦਿੰਦੀ ਹੈ।

ਬੇਦ ਬਾਣੀ ਕਾਲ ਪੁਰਖ ਤੇ ਦੇਵੀ ਦੇਵਤਿਆਂ ਦੀ ਉਸਤਤਿ ਆਰਾਧਨਾਂ ਦਾ ਉਪਦੇਸ਼ ਦਿੰਦੀ ਹੈ।ਗੁਰਬਾਣੀ ਅਨੁਸਾਰ ਇਹ ਦੂਜੇ ਦੀ ਆਰਾਧਨਾਂ ਹੈ, ਦੂਜੇ ਦੀ ਉਸਤਤਿ ਆਰਾਧਨਾਂ ਕਰਨ ਨਾਲ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।ਗੁਰਬਾਣੀ ਕਿਸੇ ਦੂਜੇ ਦੀ ਆਰਾਧਨਾਂ ਤੋਂ ਗੁਰਸਿੱਖਾਂ ਨੂੰ ਵਰਜਦੀ ਹੈ।

੧੯੩੬/੪੫ ਵਿਚ ਲਾਗੂ ਕੀਤੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਤ ਮਰਯਾਦਾ ਅਨੁਸਾਰ ਗੁਰਸਿੱਖ ਨਾਮ ਰੂਪ ਅਕਾਲ ਪੁਰਖ ਤੇ ਪੂਰੇ ਸਤਿਗੁਰੂ ਦੀ ਉਸਤਤਿ ਆਰਾਧਨਾਂ ਤੋਂ ਇਲਾਵਾ ਦੇਵੀ ਦੇਵਤਿਆਂ ਦੀ ਆਰਾਧਨਾਂ ਵੀ ਕਰਦੇ ਹਨ। ਗੁਰਬਾਣੀ ਬੇਦ ਬਾਣੀ ਦੇ ਪਾਠ ਤੇ ਦੇਵੀ ਦੇਵਤਿਆਂ ਦੀ ਆਰਧਨਾਂ ਦੀ ਆਗਿਆ ਨਹੀਂ ਦਿੰਦੀ।

ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਰਪਿਤ ਸਿੱਖਾਂ ਕੋਲ ਇੱਕ ਹੀ ਤਰੀਕਾ ਇਸ ਗੁੰਝਲ ਵਿਚੋਂ ਨਿਕਲਨ ਦਾ ਹੈ, ਕਿ ਉਹ ਇੱਕ ਨਵੀਂ ਸੰਸਥਾ ਬਨਾਓਨ ਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਦਾ ਪੁਨਰ ਮਿਰਮਾਣ ਕਰਨ ਦੀ ਮੁਹਿਮ ਸ਼ੁਰੂ ਕਰਨ।ਗੁਰਸਿੱਖੀ ਦਾ ਵਖਰਾ ਵਜੂਦ ਤਾਂ ਹੀ ਕਾਇਮ ਰਹ ਸਕਦਾ ਹੈ।

ਪ੍ਰੋਫ: ਦਰਸ਼ਨ ਸਿੰਘ ਜੀ ਪਾਸ ਬੇਨਤੀ ਹੈ ਕਿ ਉਹ ਨਵੀਂ ਸੰਸਥਾ ਬਨਾਓਨ ਲਈ ਅਗਵਾਈ ਕਰਨ।

ਹੋਰ ਸਿੱਖੀ ਨਾਲ ਪ੍ਰੇਮ ਕਰਨ ਵਾਲਿਆਂ ਪਾਸ ਬੇਨਤੀ ਹੈ ਕਿ ਉਹ ਵੀ ਆਪਣੇ ਸੁਝਾਉ ਦੇਨ ਦੀ ਕਿਰਪਾ ਕਰਨ।